ਡਿਸਪੈਚ ਨੰ: 13238
ਮਿਤੀ 16/03/2020

# ਪੰਜਾਬੀ ਯੂਨੀਵਰਸਿਟੀ, ਪਟਿਆਲਾ
## (1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)
## ਦਫ਼ਤਰ ਡੀਨ, ਅਕਾਦਮਿਕ ਮਾਮਲੇ

Corona Virus ਕਰਕੇ ਉਤਪੰਨ ਹੋਈ ਸਥਿਤੀ ਦੇ ਮੱਦੇਨਜ਼ਰ, ਇਸ ਸਮੇਂ ਦੌਰਾਨ ਵਿਦਿਆਰਥੀਆਂ ਨੂੰ ਪੜ੍ਹਾਈ ਸਬੰਧੀ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਯੂਨੀਵਰਸਿਟੀ ਨੇ ਵਿਦਿਆਰਥੀਆਂ ਲਈ Remote E-Learning ਦੀ ਸੁਵਿਧਾ ਨੂੰ ਅਪਨਾਉਣ ਦਾ ਫੈਸਲਾ ਕੀਤਾ ਹੈ, ਇਸ concept ਨੂੰ ਲਾਗੂ ਕਰਨ ਲਈ ਹੇਠ ਲਿਖੇ ਨੁਕਤੇ ਅਪਨਾਉਣ ਦਾ ਫੈਸਲਾ ਕੀਤਾ ਗਿਆ:

1. ਸਮੂਹ ਵਿਭਾਗਾਂ ਦੇ ਮੁਖੀ ਇਹ ਯਕੀਨੀ ਬਣਾਉਣਗੇ ਕਿ ਮਿਥੇ ਫਾਰਮੇਟ ਅਨੁਸਾਰ ਵਿਭਾਗ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਜਾਣਕਾਰੀ ਤਰੁੰਤ pupelearning@pbi.ac.in ਤੇ ਮੁਹੱਈਆ ਕਰਵਾਉਣ। ਫਾਰਮੇਟ ਅੱਗਲੀ ਮੇਲ ਰਾਹੀਂ ਕੋਆਰਡੀਨੇਟਰਜ਼ ਦੁਆਰਾ pupelearning@pbi.ac.in ਤੋਂ ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨਾ ਨੂੰ ਭੇਜਿਆ ਜਾ ਰਿਹਾ ਹੈ।
2. ਹਰੇਕ ਵਿਭਾਗ ਵਿਖੇ ਵੱਖ-ਵੱਖ ਕੋਰਸਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦਾ Google Group ਅਤੇ Whatsapp Group ਵਿਭਾਗ ਦੇ ਮੁਖੀ ਦੁਆਰਾ ਬਣਵਾ ਕੇ ਇਸ ਬਾਰੇ ਵਿਭਾਗ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸੂਚਿਤ ਕਰਨਾ ਯਕੀਨੀ ਬਣਾਉਣ ਅਤੇ ਇਸ ਦੀ ਜਾਣਕਾਰੀ ਡੀਨ, ਅਕਾਦਮਿਕ ਮਾਮਲੇ ਦੇ official email id ਤੇ ਵੀ ਭੇਜਣ ਦੀ ਖੇਚਲ ਕਰਨ।
3. ਵਿਭਾਗ ਦੇ ਮੁਖੀ ਇਹ ਯਕੀਨੀ ਬਣਾਉਣ ਕਿ ਉਹਨਾਂ ਦੇ ਵਿਭਾਗ ਦੇ ਅਧਿਆਪਕਾਂ ਦੁਆਰਾ ਪੜਾਏ ਜਾ ਰਹੇ ਕੋਰਸਾਂ ਦੇ content ਜੋ ਕਿ ਵਿਦਿਆਰਥੀਆਂ ਨਾਲ ਸਾਂਝੇ ਕਰਨਾ ਚਾਹੁੰਦੇ ਹਨ, ਨੂੰ ਤੁਰੰਤ ਤਿਆਰ ਰੱਖਣ ਤਾਂ ਜੋ ਜਿੰਨਾ ਸਮਾਂ ਅਧਿਆਪਨ ਕਾਰਜ ਕੋਰੋਨਾ ਵਾਈਰਸ ਕਰਕੇ ਮੁਅੱਤਲ ਰਹਿੰਦਾ ਹੈ, ਉਹਨਾਂ ਦੁਆਰਾ ਵਿਦਿਆਰਥੀਆਂ ਨੂੰ ਇਸ ਅਵਧੀ ਦੌਰਾਨ Course Content e-learning platform/ਹੋਰ online resources ਰਾਹੀਂ ਮੁਹੱਈਆ ਕਰਵਾਈਆ ਜਾ ਸਕੇ।
4. ਯੂਨੀਵਰਸਿਟੀ ਦੁਆਰਾ Moodle ਜੋ ਕਿ ਇੱਕ e-learning platform ਹੈ ਦੀ ਵਿਵਸਥਾ ਕੀਤੀ ਜਾ ਰਹੀ ਹੈ। ਇਸ ਮਾਧਿਅਮ ਰਾਹੀਂ ਵੀ ਵਿਦਿਆਰਥੀਆਂ ਨੂੰ ਕੋਰਸ ਕੰਟੈਂਟ ਮੁਹੱਈਆ ਕਰਵਾਏ ਜਾ ਸਕਦਾ ਹੈ। ਇਸ ਮਾਧਿਅਮ ਰਾਹੀਂ ਹੀ ਅਧਿਆਪਕ ਵਿਦਿਆਰਥੀਆਂ ਨਾਲ ਉਹਨਾਂ ਦੇ doubts/queries ਨੂੰ ਵੀ handle ਕਰ ਸਕਦੇ ਹਨ। ਇਸ ਮਾਧਿਅਮ ਰਾਹੀਂ ਅਧਿਆਪਕ ਵਿਦਿਆਰਥੀਆਂ ਤੋਂ Assignment ਦੇ ਅਤੇ ਲੈ ਸਕਦੇ ਹਨ। ਇਸ ਮਾਧਿਅਮ ਰਾਹੀਂ ਅਧਿਆਪਕ ਵਿਦਿਆਰਥੀਆਂ ਦਾ online quiz ਵੀ ਲੈ ਸਕਦੇ ਹਨ। ਇਸ ਬਾਰੇ ਵਿਸਤ੍ਰਿਤ ਜਾਣਕਾਰੀ ਮੁਖੀ ਸਾਹਿਬਾਨਾਂ ਨੂੰ ਇਸ ਕਾਰਜ ਦੇ ਕੋਆਰਡੀਨੇਟਰ/ਕੋ-ਕੋਆਰਡੀਨੇਟਰ ਦੁਆਰਾ ਵੱਖਰੇ ਤੌਰ ਤੇ ਸਾਂਝੀ ਕਰ ਦਿੱਤੀ ਜਾਵੇਗੀ।
5. ਵਿਭਾਗਾਂ ਦੇ ਅਧਿਆਪਕ ਅਧਿਆਪਨ ਕਾਰਜ ਸਬੰਧੀ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਦਾ ਹੱਲ online resources ਜਿਵੇਂ ਕਿ Skype/Youtube online chatting/Google hangouts ਆਦਿ ਰਾਹੀਂ ਕਰ ਸਕਦੇ ਹਨ।
6. ਵਿਭਾਗਾਂ ਦੇ ਅਧਿਆਪਕਾਂ ਦੁਆਰਾ ਪੜਾਏ ਜਾ ਰਹੇ ਕੋਰਸਾਂ ਨੂੰ ਕੇਂਦਰ ਸਰਕਾਰ ਦੁਆਰਾ ਬਣਾਈ ਗਈ SWAYAM website ਤੋਂ ਸਬੰਧਿਤ e-resources ਲਭਕੇ ਵਿਦਿਆਰਥੀਆਂ ਨਾਲ ਸਾਂਝੇ ਕਰਨ ਦੀ ਕੋਸ਼ਿਸ਼ ਕਰਨ ਜੀ। ਇਸ ਬਾਰੇ ਇਹ ਵੀਂ ਪੁਰਜ਼ੋਰ ਸਹਿਮਤੀ ਜਤਾਈ ਗਈ ਕਿ ਭੱਵਿਖ ਵਿੱਚ ਵੀਂ SWAYAM website ਤੇ ਉਪਲਬੱਧ ਕੋਰਸਾਂ ਨੂੰ ਯੂਨੀਵਰਸਿਟੀ ਦੁਆਰਾ ਚਲਾਏ ਜਾ ਰਹੇ ਕੋਰਸਾਂ ਦੇ ਸਿਲੇਬਸਾਂ ਵਿੱਚ ਸ਼ਾਮਲ ਕਰਨ ਲਈ ਵਿਭਾਗਾਂ ਦੇ ਮੁਖੀ ਕਦਮ ਚੁੱਕਣਗੇ ਕਿਉਂਕਿ ਯੂ.ਜੀ.ਸੀ. ਦੀਆਂ guidelines ਅਨੁਸਾਰ ਯੂਨੀਵਰਸਿਟੀ ਵਿੱਚ ਚੱਲ ਰਹੇ ਕੋਰਸਾਂ ਵਿੱਚ SWAYAM MOOCs ਦੇ ਕੋਰਸਾਂ ਨੂੰ ਸ਼ਾਮਲ ਕਰਨ ਬਾਰੇ ਦਰਸਾਇਆ ਗਿਆ ਹੈ। ਕਮੇਟੀ ਨੇ ਇਹ ਸੁਝਾਇਆ ਹੈ ਕਿ ਜੋ ਉਪਰਾਲੇ ਇਸ ਘੜੀ ਵਿੱਚ ਅਪਨਾਏ ਜਾ ਰਹੇ ਹਨ, ਭੱਵਿਖ ਵਿੱਚ ਵੀਂ ਇਸ ਨੂੰ ਚਲਦਾ ਰੱਖਿਆ ਜਾਵੇਗਾ।
7. ਉਪਰੋਕਤ Remote e-learning ਦੇ ਕਾਰਜ ਲਈ ਕੋਆਰਡੀਨੇਟਰ ਡਾ. ਵਿਸ਼ਾਲ ਗੋਇਲ, ਪ੍ਰੋਫੈਸਰ, ਕੰਪਿਊਟਰ ਸਾਇੰਸ ਵਿਭਾਗ (95010-96111, vishal.pup@gmail.com), ਕੋ-ਕੋਆਰਡੀਨੇਟਰ ਡਾ. ਗੁਰਪ੍ਰੀਤ ਸਿੰਘ ਜੋਸ਼ਨ (99143-47847, josangurpreet@rediffmail.com), ਕੋ-ਕੋਆਰਡੀਨੇਟਰ ਡਾ. ਸਤਿੰਦਰ ਕੁਮਾਰ (9872403467) ਹੋਣਗੇ। ਕੋਈ ਵੀ ਜਾਣਕਾਰੀ ਲਈ ਇਹਨਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।
8. ਜੇਕਰ ਕੋਆਰਡੀਨੇਟਰ ਨੂੰ ਈ.ਐਮ.ਆਰ.ਸੀ. ਦੇ ਰਿਸੋਰਸਜ਼ ਅਤੇ ਉਹਨਾਂ ਦੇ ਸਟਾਫ ਦੀ ਲੋੜ ਪੈਂਦੀ ਹੈ ਤਾਂ ਉਹ ਇਹਨਾਂ ਦੇ ਸਟਾਫ ਦੀ ਸਹਾਇਤਾ ਵੀ ਲੈ ਸਕਦੇ ਹਨ।

16/03/2020

(ਡੀਨ ਅਕਾਦਮਿਕ ਮਾਮਲੇ)